# Official Spokesperson's response to media queries on remarks by Pakistan Prime Minister Imran Khan on India

April 04, 2020

---

## ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਭਾਰਤ ਬਾਰੇ ਕੀਤੀ ਗਈ ਟਿੱਪਣੀ ’ਤੇ ਮੀਡੀਆ ਦੇ ਸਵਾਲਾਂ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

4 ਅਪ੍ਰੈਲ, 2020

**ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਅਧਿਕਾਰਿਤ ਬੁਲਾਰੇ ਸ਼੍ਰੀ ਰਵੀਸ਼ ਕੁਮਾਰ ਨੇ ਕਿਹਾ,**

“ਅਸੀਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਭਾਰਤ ਬਾਰੇ ਕੀਤੀਆਂ ਗਈਆਂ ਸੰਜਮ-ਰਹਿਤ ਟਿੱਪਣੀਆਂ ਪੜ੍ਹੀਆਂ ਹਨ। ਭਾਰਤ ਦੇ ਕੇਂਦਰੀ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਸੰਬੰਧ ਵਿੱਚ ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਪਾਕਿਸਤਾਨ ਨੂੰ ਇਸ ਨਾਲ ਜੁੜੇ ਕਿਸੇ ਵੀ ਪਹਿਲੂ ’ਤੇ ਕੁਝ ਕਰਨ ਦਾ ਕੋਈ ਹੱਕ ਨਹੀਂ ਹੈ। ਭਾਰਤ ਦੇ ਅੰਦਰੂਨੀ ਮਾਮਲਿਆਂ’ ਚ ਦਖਲ ਦੇਣ ਦੀਆਂ ਲਗਾਤਾਰ ਕੋਸ਼ਿਸ਼ਾਂ ਕਰਕੇ ਪਾਕਿਸਤਾਨ ਦੇ ਤਰਕ-ਰਹਿਤ ਦਾਅਵੇ ਪਰਵਾਨ-ਯੋਗ ਨਹੀਂ ਹੋ ਜਾਣਗੇ। ਜੇਕਰ ਪਾਕਿਸਤਾਨ ਅਸਲ ਵਿੱਚ ਜੰਮੂ ਕਸ਼ਮੀਰ ਦੇ ਲੋਕਾਂ ਦੀ ਭਲਾਈ ਕਰਨਾ ਚਾਹੁੰਦਾ ਹੈ ਤਾਂ ਅਜਿਹਾ ਕਰਨ ਦਾ ਸਰਬੋਤਮ ਤਰੀਕਾ ਸਰਹੱਦ-ਪਾਰ ਅੱਤਵਾਦ ਨੂੰ ਖਤਮ ਕਰਨਾ ਅਤੇ ਹਿੰਸਾ ਅਤੇ ਆਪਣੇ ਝੂਠੇ ਪ੍ਰਚਾਰ ਦੀ ਮਹਿਮਾ ਨੂੰ ਬੰਦ ਕਰਨਾ ਹੋਵੇਗਾ।"

**ਨਵੀਂ ਦਿੱਲੀ**

4 ਅਪ੍ਰੈਲ, 2020

DISCLAIMER: This is an approximate translation. The original is available in English on MEA’s website and may be referred to as the official press release.